# ਮੱਛੀ ਪਾਲਣ, ਜਲ-ਖੇਤੀ ਦੇ ਲਈ 1.25 ਕਰੋੜ ਰੁਪਏ ਤੱਕ ਦੀ ਸਹਾਇਤਾ ਸੁਲੱਭ

ਉੱਦਮੀਆਂ ਦੀ ਵਿੱਤੀ ਅਤੇ ਤਕਨੀਕੀ ਤੌਰ 'ਤੇ ਸਹਾਇਤਾ ਕਰਕੇ ਮੱਛੀ ਪਾਲਣ ਅਤੇ ਜਲ-ਖੇਤੀ ਨੂੰ ਹੁਲਾਰਾ ਦੇਣ ਲਈ, ਮਈ 2020 ਵਿੱਚ ਭਾਰਤ ਸਰਕਾਰ ਨੇ ਪ੍ਰਧਾਨ ਮੰਤਰੀ ਮਤਸਯ ਸੰਪਦਾ ਯੋਜਨਾ (ਪੀ ਐਮ ਐਮ ਐਸ ਵਾਈ) ਸ਼ੁਰੂ ਕੀਤੀ। ਇਹ ਸਕੀਮ ਵਿੱਤੀ ਸਾਲ 2024-25 ਤੱਕ ਲਾਗੂ ਰਹੇਗੀ।

ਇਹ ਸਕੀਮ ਨਿਜੀ ਖੇਤਰ ਦੀ ਭਾਗੀਦਾਰੀ, ਉੱਦਮਤਾ ਦੇ ਵਿਕਾਸ, ਕਾਰੋਬਾਰ ਕਰਨ ਦੀ ਸੌਖ ਨੂੰ ਉਤਸ਼ਾਹਿਤ ਕਰਨ, ਮੱਛੀ ਪਾਲਣ ਦੇ ਖੇਤਰ ਵਿੱਚ ਸਟਾਰਟਅੱਪ ਅਤੇ ਇਨਕਿਊਬੇਟਰਾਂ ਸਮੇਤ ਨਵੀਆਂ ਪ੍ਰਾਜੈਕਟ ਗਤੀਵਿਧੀਆਂ ਨੂੰ ਹੁਲਾਰਾ ਦੇਣ ਲਈ ਇੱਕ ਕਾਰਗਰ ਮਾਹੌਲ ਸਿਰਜਣ ਦੀ ਕਲਪਨਾ ਕਰਦੀ ਹੈ। ਉੱਦਮੀਆਂ ਦੀ ਮਦਦ ਕਰਨ ਲਈ, ਪੀ ਐਮ ਐਮ ਐਸ ਵਾਈ ਦੇ ਦੋ ਵੱਖਰੇ ਹਿੱਸੇ ਹਨ:

- ਕੇਂਦਰੀ ਖੇਤਰ ਯੋਜਨਾ
- ਕੇਂਦਰੀ ਸਰਪ੍ਰਸਤੀ ਯੋਜਨਾ

### ਪੀ ਐਮ ਐਮ ਐਸ ਵਾਈ ਅਧੀਨ ਸਹਾਇਤਾ ਲਈ ਯੋਗ ਲਾਭਪਾਤਰੀ

ਵਿਅਕਤੀਗਤ ਉੱਦਮੀ ਅਤੇ ਨਿਜੀ ਕੰਪਨੀਆਂ, ਮੱਛੀ ਫੜ੍ਹਣ ਵਾਲੇ, ਮੱਛੀ ਪਾਲਣ ਵਾਲੇ, ਮੱਛੀ ਕਾਮੇਂ ਅਤੇ ਮੱਛੀ ਵਿਕਰੇਤਾ, ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ/ਔਰਤਾਂ, ਮੱਛੀ ਪਾਲਣ ਸਹਿਕਾਰੀ ਸਭਾਵਾਂ, ਮੱਛੀ ਪਾਲਣ ਕਿਸਾਨ ਨਿਰਮਾਤਾ ਸੰਗਠਨ (ਐਫ ਐਫ ਪੀ ਓਜ਼), ਮੱਛੀ ਪਾਲਣ ਕਿਸਾਨ ਨਿਰਮਾਤਾ ਕੰਪਨੀਆਂ (ਐਫ ਐਫ ਪੀ ਸੀਜ਼), ਸਵੈ-ਸਹਾਇਤਾ ਸਮੂਹ (ਐਸ ਐਚ ਜੀ), ਸੰਯੁਕਤ ਦੇਣਦਾਰੀ ਸਮੂਹ (ਜੇ ਐਲ ਜੀ)

**ਯੋਗਤਾ ਸ਼ਰਤਾਂ**

- ਸਾਰੇ ਭਾਰਾਂ ਤੋਂ ਮੁਕਤ, ਬਿਨੈਕਾਰ/ਲਾਭਪਾਤਰੀ ਕੋਲ ਸਪਸ਼ਟ ਸਿਰਲੇਖ ਵਾਲੀ ਆਪਣੀ ਜ਼ਮੀਨ ਹੋਵੇ। ਠੇਕੇ 'ਤੇ ਲਈ ਜ਼ਮੀਨ ਦੇ ਮਾਮਲੇ ਵਿੱਚ, ਬਿਨੈਕਾਰ/ਲਾਭਪਾਤਰੀ ਕੋਲ ਘੱਟੋ-ਘੱਟ 10 ਸਾਲਾਂ ਦੀ ਮਿਆਦ ਲਈ ਜ਼ਮੀਨ ਹੋਣੀ ਚਾਹੀਦੀ ਹੈ।
- ਉੱਦਮੀ ਮਾਡਲਾਂ ਦੇ ਤਹਿਤ ਪ੍ਰਦਾਨ ਕੀਤੀ ਗਈ ਸਹਾਇਤਾ ਵਿੱਚੋਂ ਆਪਣੀ ਜਾਂ ਠੇਕੇ 'ਤੇ ਲਈ ਜ਼ਮੀਨ 'ਤੇ ਬਣਾਈ ਗਈ ਜਾਇਦਾਦ ਦਾ, ਪ੍ਰਾਜੈਕਟ ਦੀ ਮਨਜ਼ੂਰੀ ਦੀ ਮਿਤੀ ਤੋਂ 10 ਸਾਲਾਂ ਦੀ ਮਿਆਦ ਲਈ ਕਿਸੇ ਵੀ ਰੂਪ ਵਿੱਚ ਨਿਪਟਾਰਾ ਨਹੀਂ ਕੀਤਾ ਜਾਵੇਗਾ ਜਿਸ ਵਿੱਚ ਵਿਕਰੀ, ਤੋਹਫ਼ੇ ਵਿੱਚ ਦੇਣਾ, ਤਬਾਦਲਾ ਅਤੇ ਲੀਜ਼ ਸ਼ਾਮਲ ਹਨ। ਜੇ ਪ੍ਰਾਜੈਕਟ ਲਾਭਪਾਤਰੀ ਜਾਇਦਾਦ ਦਾ ਨਿਪਟਾਰਾ ਕਰਦਾ ਹੈ ਤਾਂ ਉਹ ਕੇਂਦਰੀ ਵਿੱਤੀ ਸਹਾਇਤਾ ਉੱਤੇ ਹਾਸਲ ਵਿਆਜ, ਜੇ ਕੋਈ ਹੋਵੇ, ਦੇ ਨਾਲ ਉਸ ਵਕਤ ਤੱਕ ਮਿਲੀ ਪੂਰੀ ਕੇਂਦਰੀ ਵਿੱਤੀ ਸਹਾਇਤਾ ਰਾਸ਼ੀ ਵਾਪਿਸ ਕਰੇਗਾ। ਇਸ ਤੋਂ ਇਲਾਵਾ, ਕੇਂਦਰੀ ਵਿੱਤੀ ਸਹਾਇਤਾ ਉੱਤੇ ਪ੍ਰਤੀ ਸਾਲ 12% ਦੀ ਦਰ ਨਾਲ ਜੁਰਮਾਨਾ ਵੀ ਵਸੂਲ ਕੀਤਾ ਜਾਏਗਾ। ਸਮੁੱਚੀ ਕੇਂਦਰੀ ਵਿੱਤੀ ਸਹਾਇਤਾ ਅਤੇ ਜੁਰਮਾਨਾ ਵਿਆਜ ਸਹਿਤ ਜੁੜੇ ਵਿਆਜ ਦਾ ਭੁਗਤਾਨ ਭਾਰਤ ਸਰਕਾਰ ਨੂੰ ਇੱਕ ਮੁਸ਼ਤ ਕਿਸ਼ਤ ਵਿੱਚ ਕੀਤਾ ਜਾਏਗਾ।
- ਪ੍ਰਾਜੈਕਟ ਲੋੜਾਂ ਦੇ ਅਨੁਸਾਰ, ਜਿੱਥੇ ਵੀ ਲਾਗੂ ਹੁੰਦਾ ਹੈ, ਬਿਨੈਕਾਰ ਕੋਲ ਸਬੰਧਤ ਸਥਾਨਕ ਅਹੁਦੇਦਾਰਾਂ ਤੋਂ ਲੋੜੀਂਦੀ ਮਨਜ਼ੂਰੀ ਹੋਣੀ ਚਾਹੀਦੀ ਹੈ।
- ਬਿਨੈਕਾਰਾਂ ਨੇ ਕਿਸੇ ਵੀ ਸਰਕਾਰੀ ਯੋਜਨਾ ਜਾਂ ਸਰਕਾਰੀ ਏਜੰਸੀ ਦੇ ਤਹਿਤ ਉੱਦਮੀ ਮਾਡਲ ਜਾਂ ਉਪ-ਕਿਰਿਆਵਾਂ ਦੀ ਕਿਸੇ ਵੀ ਦੀ ਗਤੀਵਿਧੀ ਲਈ ਮੇਲ ਖਾਂਦੀ ਸਹਾਇਤਾ/ਸਬਸਿਡੀ ਦਾ ਲਾਭ ਨਾ ਲਿਆ ਹੋਵੇ।

## ਕੇਂਦਰੀ ਖੇਤਰ ਯੋਜਨਾ ਲਈ ਧਨ ਰਾਸ਼ੀ ਦੇਣ ਦੀ ਸ਼ੈਲੀ

ਕੇਂਦਰੀ ਵਿੱਤੀ ਸਹਾਇਤਾ:

- ਆਮ ਸ਼੍ਰੇਣੀ ਦੇ ਲਈ ਕੁਲ ਪ੍ਰਾਜੈੱਕਟ ਲਾਗਤ ਦਾ 25% ਤੱਕ, ਜਿਸਦੀ ਹੱਦ ਪ੍ਰਤੀ ਪ੍ਰਾਜੈੱਕਟ 1.25 ਕਰੋੜ ਰੁਪਏ ਹੋਵੇ।
- ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ/ਔਰਤਾਂ ਲਈ ਕੁਲ ਪ੍ਰਾਜੈੱਕਟ ਲਾਗਤ ਦਾ 30% ਤੱਕ, ਜਿਸਦੀ ਹੱਦ 1.50 ਕਰੋੜ ਰੁਪਏ ਤੱਕ ਹੋਵੇ।

**ਲਾਭਪਾਤਰੀ ਦਾ ਯੋਗਦਾਨ:** ਕੁੱਲ ਪ੍ਰਾਜੈੱਕਟ ਲਾਗਤ ਦਾ ਘੱਟੋ-ਘੱਟ 10%।

**ਬੈਂਕ ਲੋਨ:** ਆਮ ਸ਼੍ਰੇਣੀ ਦੇ ਲਈ ਵਿੱਚ ਕੁੱਲ ਪ੍ਰਾਜੈੱਕਟ ਲਾਗਤ ਦਾ 65% ਅਤੇ ਅਨੁਸੂਚਿਤ ਜਾਤੀਆਂ/ਕਬੀਲਿਆਂ/ਔਰਤਾਂ ਦੇ ਮਾਮਲੇ ਵਿੱਚ ਕੁੱਲ ਪ੍ਰਾਜੈੱਕਟ ਲਾਗਤ ਦਾ 60% ਤੱਕ। ਲਾਭਪਾਤਰੀ ਕਰਜ਼ੇ ਦੇ ਬਦਲੇ ਵੱਧ ਮਾਰਜਿਨ ਰਾਸ਼ੀ ਦਾ ਯੋਗਦਾਨ ਦੇ ਸਕਦੇ ਹਨ ਜਿਹੜਾ ਕਿਸੇ ਵੀ ਹਾਲ ਵਿੱਚ ਕੁੱਲ ਪ੍ਰਾਜੈੱਕਟ ਲਾਗਤ ਦੇ 40% ਤੋਂ ਵੱਧ ਨਹੀਂ ਹੋਣਾ ਚਾਹੀਦਾ।

## ਕੇਂਦਰੀ ਸਰਪ੍ਰਸਤੀ ਯੋਜਨਾ ਲਈ ਧਨ ਰਾਸ਼ੀ ਦੇਣ ਦੀ ਸ਼ੈਲੀ

ਕੇਂਦਰ ਅਤੇ ਰਾਜਾਂ ਰਾਹੀਂ ਮਿਲ ਕੇ ਸਰਕਾਰੀ ਸਹਾਇਤਾ:

- ਆਮ ਸ਼੍ਰੇਣੀ ਦੇ ਲਈ ਕੁਲ ਪ੍ਰਾਜੈੱਕਟ ਲਾਗਤ ਦਾ 25% ਤੱਕ, ਜਿਸਦੀ ਹੱਦ ਪ੍ਰਤੀ ਪ੍ਰਾਜੈੱਕਟ 1.25 ਕਰੋੜ ਰੁਪਏ ਦੀ ਹੋਵੇ।
- ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ/ਔਰਤਾਂ ਲਈ ਕੁਲ ਪ੍ਰਾਜੈੱਕਟ ਲਾਗਤ ਦਾ 30% ਤੱਕ, ਜਿਸਦੀ ਹੱਦ 1.50 ਕਰੋੜ ਰੁਪਏ ਤੱਕ। ਹੋਵੇ

ਸਰਕਾਰੀ ਸਹਾਇਤਾ ਨੂੰ ਕੇਂਦਰ ਅਤੇ ਰਾਜਾਂ ਵਿਚਕਾਰ ਇਸ ਤਰ੍ਹਾਂ ਸਾਂਝਾ ਕੀਤਾ ਜਾਏਗਾ:

- ਕੇਂਦਰ ਅਤੇ ਆਮ ਰਾਜਾਂ ਦੇ ਵਿਚਕਾਰ 60:40
- ਕੇਂਦਰ ਅਤੇ ਪੂਰਬੀ/ਹਿਮਾਲੀ ਰਾਜਾਂ ਦੇ ਵਿਚਕਾਰ 90:10
- ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ, , ਸਾਰੀ ਸਰਕਾਰੀ ਸਹਾਇਤਾ ਕੇਂਦਰ ਵੱਲੋਂ ਸਹਿਣ ਕੀਤੀ ਜਾਵੇਗੀ

**ਲਾਭਪਾਤਰੀ ਦਾ ਯੋਗਦਾਨ:** ਕੁੱਲ ਪ੍ਰਾਜੈੱਕਟ ਲਾਗਤ ਦਾ ਘੱਟੋ-ਘੱਟ 10%।

**ਬੈਂਕ ਲੋਨ:** ਆਮ ਸ਼੍ਰੇਣੀ ਦੇ ਲਈ ਵਿੱਚ ਕੁੱਲ ਪ੍ਰਾਜੈੱਕਟ ਲਾਗਤ ਦਾ 65% ਅਤੇ ਅਨੁਸੂਚਿਤ ਜਾਤੀਆਂ/ਕਬੀਲਿਆਂ/ਔਰਤਾਂ ਦੇ ਮਾਮਲੇ ਵਿੱਚ ਕੁੱਲ ਪ੍ਰਾਜੈੱਕਟ ਲਾਗਤ ਦਾ 60% ਤੱਕ। ਲਾਭਪਾਤਰੀ ਕਰਜ਼ੇ ਦੇ ਬਦਲੇ ਵੱਧ ਮਾਰਜਿਨ ਰਾਸ਼ੀ ਦਾ ਯੋਗਦਾਨ ਦੇ ਸਕਦੇ ਹਨ ਜਿਹੜਾ ਕਿਸੇ ਵੀ ਹਾਲ ਵਿੱਚ ਕੁੱਲ ਪ੍ਰਾਜੈੱਕਟ ਲਾਗਤ ਦੇ 40% ਤੋਂ ਵੱਧ ਨਹੀਂ ਹੋਣਾ ਚਾਹੀਦਾ।

**ਯੋਜਨਾ ਲਾਗੂ ਕਰਨ ਵਾਲੀਆਂ ਏਜੰਸੀਆਂ**

**ਕੇਂਦਰੀ ਖੇਤਰ ਯੋਜਨਾ ਲਈ:** ਰਾਸ਼ਟਰੀ ਮੱਛੀ ਪਾਲਣ ਵਿਕਾਸ ਬੋਰਡ (ਐਨ ਐਫ ਡੀ ਬੀ), ਹੈਦਰਾਬਾਦ

**ਕੇਂਦਰੀ ਸਰਪ੍ਰਸਤੀ ਯੋਜਨਾ ਲਈ:** ਰਾਜ/ਕੇਂਦਰ ਸ਼ਾਸਤ ਪ੍ਰਦੇਸ਼

ਸਕੀਮ ਬਾਰੇ ਵੇਰਵੇ ਵੈੱਬਸਾਈਟ **https://dof.gov.in/pmmsy** 'ਤੇ ਉਪਲਬਧ ਹਨ।